ਨੰ: 8/1/2016-5ਵਿਬ1/793309/1

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਬਜਟ-1 ਸ਼ਾਖਾ)

ਮਿਤੀ:ਚੰਡੀਗੜ੍ਹ: 11 ਜੁਲਾਈ, 2016

ਸੇਵਾ ਵਿਖੇ

1) ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਤੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ,
ਜਿਲ੍ਹਾ ਤੇ ਸੈਸ਼ਨ ਜੱਜ ਅਤੇ

2) ਰਜਿਸਟਰਾਰ,
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।

ਵਿਸ਼ਾ: ਸਾਲ 2016-17 ਦੌਰਾਨ ਸਰਕਾਰੀ ਖਰਚੇ ਵਿੱਚ ਕਿਫਾਇਤ ਕਰਨ ਸਬੰਧੀ ਹਦਾਇਤਾਂ ਜਾਰੀ ਕਰਨ ਬਾਰੇ।

ਸ਼੍ਰੀਮਾਨ/ਸ਼੍ਰੀਮਤੀ ਜੀ,

ਸਰਕਾਰ ਦੇ ਖਰਚਿਆਂ ਵਿੱਚ ਸਤੁੰਲਨ ਬਣਾ ਕੇ ਰੱਖਣਾ ਜਰੂਰੀ ਹੁੰਦਾ ਹੈ। ਇਸ ਮੰਤਵ ਲਈ ਵਿੱਤ ਵਿਭਾਗ ਵੱਲੋਂ ਸਮੇਂ ਸਮੇਂ ਤੇ ਵਿਭਾਗਾਂ ਦੇ ਖਰਚਿਆਂ ਤੇ ਨਜ਼ਰਸਾਨੀ ਵੀ ਕੀਤੀ ਜਾਂਦੀ ਹੈ ਜੋ ਕਿ ਬਜਟ ਅਨੁਸ਼ਾਸਨ ਬਣਾਏ ਰੱਖਣ ਲਈ ਇੱਕ ਜਰੂਰੀ ਪ੍ਰਕ੍ਰਿਆ ਹੈ। ਇਸ ਪ੍ਰਕ੍ਰਿਆ ਅਨੁਸਾਰ ਵਿੱਤ ਵਿਭਾਗ ਵੱਲੋਂ ਬਜਟ ਵਿੱਚ ਉਪਬੰਧ ਕੀਤੇ ਖਰਚਿਆਂ ਵਿੱਚ ਕਿਫਾਇਤ ਕਰਨ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

2. ਉਪਰੋਕਤ ਦੇ ਮੱਦੇ ਨਜਰ ਸਰਕਾਰੀ ਖਰਚੇ ਵਿੱਚ ਕਿਫਾਇਤ ਕਰਨ ਲਈ ਵਿੱਤ ਵਿਭਾਗ ਵੱਲੋਂ ਹੇਠ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:

i) ਅਸਾਮੀਆਂ ਦੀ ਰਚਨਾ ਕਰਨ ਅਤੇ ਅਪਗ੍ਰੇਡ ਕਰਨ ਸਬੰਧੀ ਚਾਲੂ ਮਾਲੀ ਸਾਲ ਦੌਰਾਨ ਪੂਰਨ ਤੌਰ ਤੇ ਰੋਕ ਰਹੇਗੀ।

ਫਿਰ ਵੀ ਜੇਕਰ ਜਰੂਰੀ ਹੋਵੇ ਤਾਂ ਅਸਾਮੀਆਂ ਦੀ ਰਚਨਾ ਜਾਂ ਮੁੜ ਸੁਰਜੀਤ ਕਰਨ ਦੇ ਕੇਸ ਵਿੱਤ ਵਿਭਾਗ ਦੀਆਂ ਹਦਾਇਤਾਂ ਮਿਤੀ 30-08-2012 ਅਤੇ ਸਮੇਂ ਸਮੇਂ ਤੇ ਵਿੱਤ ਵਿਭਾਗ ਵੱਲੋਂ ਇਸ ਸਬੰਧੀ ਕੀਤੀਆਂ ਹਦਾਇਤਾਂ ਅਨੁਸਾਰ ਪੂਰਾ ਪ੍ਰੋਸੈਸ ਅਡਾਪਟ ਕਰਨ ਉਪਰੰਤ ਹੀ ਵਿਚਾਰ ਕੀਤੇ ਜਾਣਗੇ।

ii) ਦਫਤਰ ਲਈ ਫਰਨੀਚਰ, ਹੋਰ ਸਾਜੋ ਸਾਮਾਨ ਦੀ ਖਰੀਦ ਅਤੇ ਇਸ ਨੂੰ ਫਰਨਿਸ਼ ਕਰਨ ਤੇ ਪੂਰਨ ਤੌਰ ਤੇ ਰੋਕ ਹੋਵੇਗੀ। ਨਵੇਂ ਸਥਾਪਿਤ ਕੀਤੇ ਦਫਤਰਾਂ ਲਈ ਪ੍ਰਬੰਧਕੀ ਵਿਭਾਗ ਦੀ ਪ੍ਰਵਾਨਗੀ ਨਾਲ ਇੱਕ ਲੱਖ ਰੁਪਏ ਤੱਕ ਦਾ ਖਰਚਾ ਕੀਤਾ ਜਾ ਸਕੇਗਾ ਅਤੇ ਇਸ ਤੋਂ ਉੱਪਰ ਖਰਚੇ ਲਈ ਪ੍ਰਬੰਧਕੀ ਵਿਭਾਗ ਦੇ ਸਬੰਧਤ ਮੰਤਰੀ ਦੀ ਪ੍ਰਵਾਨਗੀ ਉਪਰੰਤ ਵਿੱਤ ਵਿਭਾਗ ਦੀ ਪੂਰਵ ਪ੍ਰਵਾਨਗੀ ਲੈਣੀ ਜਰੂਰੀ ਹੋਵੇਗੀ।

iii) ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੇ ਮੋਬਾਇਲ ਬਿਲਾਂ ਦੀ ਅਦਾਇਗੀ, ਰਿਹਾਇਸ਼ਾਂ ਤੇ ਲੱਗੇ

ਲੈਂਡਲਾਈਨ ਟੈਲੀਫੋਨ ਅਤੇ ਇੰਟਰਨੈਟ ਦੀ ਸੁਵਿਧਾ ਸਬੰਧੀ ਛਪਾਈ ਤੇ ਲਿਖਣ ਸਮੱਗਰੀ ਵਿਭਾਗ ਦੇ ਪੱਤਰ ਨੰਬਰ 4/14/14-/3ਪਸ/120--122,ਮਿਤੀ 20/8/2014 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

iv ) ਰਾਜ ਵਿੱਚ ਕੀਤੀਆਂ ਜਾਣ ਵਾਲੀਆਂ ਕਾਨਫਰੰਸਾਂ/ਸੈਮੀਨਾਰ/ਵਰਕਸ਼ਾਪਾਂ ਕਰਨ ਸਬੰਧੀ ਖਰਚੇ ਵਿੱਚ ਪੂਰੀ ਕਿਫਾਇਤ ਵਰਤੀ ਜਾਵੇਗੀ। ਸਿਰਫ ਉਹ ਕਾਨਫਰੰਸਾਂ/ਸੈਮੀਨਾਰ/ਵਰਕਸ਼ਾਪਾਂ ਹੀ ਕੀਤੀਆਂ ਜਾਣਗੀਆਂ ਜਿਹੜੀਆਂ ਕਿ ਬਹੁਤ ਹੀ ਜ਼ਰੂਰੀ ਹੋਣ।

ਬਾਹਰਲੇ ਦੇਸ਼ਾਂ ਵਿੱਚ ਨੁਮਾਇਸ਼ਾਂ ਲਗਾਏ ਜਾਣ ਤੇ ਵੀ ਪੂਰੀ ਪਾਬੰਦੀ ਹੋਵੇਗੀ ਪ੍ਰੰਤੂ ਵਪਾਰ ਵਿੱਚ ਵਾਧੇ ਨਾਲ ਸਬੰਧਤ ਨੁਮਾਇਸ਼ ਮਾਨਯੋਗ ਮੁੱਖ ਮੰਤਰੀ ਜੀ ਦੀ ਪੂਰਵ ਪ੍ਰਵਾਨਗੀ ਨਾਲ ਹੀ ਲਗਾਈ ਜਾ ਸਕਦੀ ਹੈ।

v) ਪੰਜ ਤਾਰਾ ਜਾਂ ਇਸ ਤੋਂ ਉੱਪਰ ਦੇ ਪੱਧਰ ਦੇ ਹੋਟਲਾਂ ਵਿੱਚ ਮੀਟਿੰਗਾਂ/ਕਾਨਫਰੰਸਾਂ ਕਰਨ ਤੇ ਪੂਰਨ ਤੌਰ ਤੇ ਪਾਬੰਦੀ ਹੋਵੇਗੀ।

vi) ਦੂਸਰੇ ਰਾਜਾਂ ਜਾਂ ਵਿਦੇਸ਼ਾਂ ਵਿੱਚ ਸਰਕਾਰੀ ਖਰਚੇ ਤੇ ਸਟੱਡੀ ਟੂਰ, ਕਾਨਫਰੰਸਾਂ/ਵਰਕਸ਼ਾਪ/ਸੈਮੀਨਾਰ ਆਦਿ ਤੇ ਪੂਰਨ ਤੌਰ ਤੇ ਪਾਬੰਦੀ ਹੋਵੇਗੀ ਅਤੇ ਸਿਰਫ ਉਹ ਕੇਸ ਹੀ ਵਿਚਾਰੇ ਜਾਣ ਜਿਹੜੇ ਸਪਾਂਨਸਰਿੰਗ ਏਜੰਸੀਆਂ ਵੱਲੋਂ ਪੂਰੀ ਤਰ੍ਹਾਂ ਫੰਡ ਕੀਤੇ ਗਏ ਹੋਣ ਭਾਵ ਜਿਸ ਵਿੱਚ ਸਰਕਾਰ ਦਾ ਕੋਈ ਖਰਚਾ ਨਾ ਹੋਵੇ।

vii) ਸਰਕਾਰੀ ਕੰਮ ਲਈ ਵਹੀਕਲ ਕਿਰਾਏ ਤੇ ਲੈਣ ਲਈ ਵਿੱਤ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਨੰ: 3/3/2014-5ਵਿਬ1/360108/1 ਮਿਤੀ 4.12.2014 ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

viii) ਜਿਹੜੇ ਮੰਤਰੀਆਂ/ਅਧਿਕਾਰੀਆਂ ਕੋਲ ਇੱਕ ਤੋਂ ਵੱਧ ਵਿਭਾਗਾਂ/ਦਫਤਰਾਂ ਦਾ ਚਾਰਜ ਹੈ, ਉਹ ਸਿਰਫ ਇੱਕ ਗੱਡੀ ਦੀ ਵਰਤੋਂ ਹੀ ਕਰ ਸਕਣਗੇ। ਬਾਕੀ ਗੱਡੀਆਂ ਦੀ ਨਾ ਤਾਂ ਵਰਤੋਂ ਕੀਤੀ ਜਾਵੇ ਅਤੇ ਨਾ ਹੀ ਉਹਨਾਂ ਲਈ ਬਜਟ ਦੀ ਮੰਗ ਕੀਤੀ ਜਾਵੇ। ਇਸ ਦੀ ਪਾਲਣਾ ਸਬੰਧਤ ਅਧਿਕਾਰੀ ਵੱਲੋਂ ਸੁਨਿਸ਼ਚਿਤ ਕੀਤੀ ਜਾਵੇ।

ix) ਸਬੰਧਤ ਵਿਭਾਗਾਂ ਦੇ ਮੁੱਖੀ ਅਤੇ ਦਫਤਰ ਦੇ ਮੁੱਖੀ ਵੱਲੋਂ ਸੁਨਿਸ਼ਚਿਤ ਕੀਤਾ ਜਾਵੇ ਕਿ ਰਾਜ ਵਿੱਚ ਬਿਜਲੀ ਦੀ ਕਮੀ ਅਤੇ ਬਿਜਲੀ ਦੇ ਖਰਚੇ ਨੂੰ ਧਿਆਨ ਵਿੱਚ ਰੱਖਦੇ ਹੋਏ ਉਸਦੇ ਦਫਤਰ ਵਿੱਚ ਬੇਲੋੜੀ ਵਰਤੋਂ ਨੂੰ ਰੋਕਣ ਲਈ ਬਿਜਲੀ ਦੇ ਖਰਚੇ ਘੱਟੋ ਘੱਟ 10% ਕਟੌਤੀ ਯਕੀਨੀ ਬਣਾਈ ਜਾਵੇ। ਇਸੇ ਤਰ੍ਹਾਂ ਸਰਕਾਰੀ ਟੈਲੀਫੂਨ ਦੀ ਨਾਜਾਇਜ ਵਰਤੋਂ ਵੀ ਰੋਕੀ ਜਾਵੇ ਅਤੇ ਇਸ ਦੀ ਵਰਤੋਂ ਸਿਰਫ ਜ਼ਰੂਰੀ ਕੰਮਾਂ ਲਈ ਹੀ ਕੀਤੀ ਜਾਵੇ।

x) ਜਿਹੜੇ ਵਿਭਾਗਾਂ ਵਿੱਚ ਯੂਜਰ ਚਾਰਜਿਜ ਦੀ ਪ੍ਰਾਪਤੀ ਹੁੰਦੀ ਹੈ, ਉਨ੍ਹਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਹ ਸਾਰੀ ਰਕਮ ਪੰਜਾਬ ਵਿੱਤੀ ਨਿਯਮਾਂਵਲੀ ਦੇ ਨਿਯਮਾਂ ਅਨੁਸਾਰ ਖਜਾਨੇ ਵਿੱਚ ਜਮ੍ਹਾਂ

ਕਰਵਾਉਣਗੇ। ਯੂਜਰ ਚਾਰਜਿਜ ਦੀ ਜਿੰਨੀ ਰਕਮ ਉਹਨਾਂ ਵੱਲੋਂ ਖਜਾਨੇ ਵਿੱਚ ਜਮ੍ਹਾਂ ਕਰਵਾਈ ਜਾਵੇਗੀ ਉੱਨੀ ਹੀ ਰਕਮ ਦੇ ਉਨ੍ਹਾਂ ਦੇ ਬਿਲ ਖਜਾਨੇ ਵੱਲੋਂ ਕਲੀਅਰ ਕਰ ਦਿੱਤੇ ਜਾਇਆ ਕਰਨਗੇ।

xi) ਅਪੈਕਸ ਸਕੇਲ ਦੇ ਅਧਿਕਾਰੀਆਂ ਨੂੰ ਛੱਡ ਕੇ ਬਾਕੀ ਸਾਰੇ ਅਧਿਕਾਰੀਆਂ ਵੱਲੋਂ ਘਰੇਲੂ/ਅੰਤਰ ਰਾਸ਼ਟਰੀ ਯਾਤਰਾ ਸਿਰਫ ਇਕਾਨਮੀ ਕਲਾਸ ਵਿੱਚ ਹੀ ਕੀਤੀ ਜਾਵੇਗੀ। ਘਰੇਲੂ/ਅੰਤਰ ਰਾਸ਼ਟਰੀ ਯਾਤਰਾ ਵਿੱਚ Companion free ticket ਦੀ ਸਹੂਲਤ ਵੀ ਪ੍ਰਾਪਤ ਨਹੀਂ ਕੀਤੀ ਜਾਵੇਗੀ।

ਇਸ ਸਬੰਧੀ ਜੇਕਰ ਭਾਰਤ ਸਰਕਾਰ ਵੱਲੋਂ ਕੋਈ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਦੀ ਪਾਲਣਾ ਸੁਨਿਸ਼ਚਿਤ ਕੀਤੀ ਜਾਵੇ।

xii) ਮੁੱਖ ਸਕੱਤਰ ਜੀ, ਡਿਪਟੀ ਕਮਿਸ਼ਨਰਜ, ਡਵੀਜਨਲ ਕਮਿਸ਼ਨਰਜ ਅਤੇ ਸੀਨੀਅਰ ਪੁਲਿਸ ਕਪਤਾਨ ਤੋਂ ਇਲਾਵਾ ਹੋਰ ਅਧਿਕਾਰੀਆਂ ਦੇ ਘਰਾਂ ਵਿੱਚ ਕੈਂਪ ਆਫਿਸ ਦਾ ਕੋਈ ਵੀ ਖਰਚਾ, ਸਮੇਤ ਫਰਨੀਚਰ, ਹੋਰ ਸਾਜੋ ਸਮਾਨ, ਟੈਲੀਫੂਨ ਤੇ ਬਿਜਲੀ ਦਾ ਬਿਲ, ਆਦਿ ਸਰਕਾਰ ਦੇ ਖਜਾਨੇ ਵਿੱਚੋਂ ਨਾ ਕੀਤਾ ਜਾਵੇ। ਇਸ ਦੀ ਪਾਲਣਾ ਦੀ ਜਿੰਮੇਵਾਰੀ ਸਬੰਧਤ ਅਧਿਕਾਰੀ ਦੀ ਹੋਵੇਗੀ।

xiii) ਇਹ ਹਦਾਇਤਾਂ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਤੇ ਵੀ ਲਾਗੂ ਹੋਣਗੀਆਂ। ਵਿਭਾਗਾਂ ਦੇ ਸਕੱਤਰ, ਵਿਭਾਗਾਂ ਦੇ ਮੁੱਖੀ ਅਤੇ ਦਫਤਰਾਂ ਦੇ ਮੁੱਖੀ ਇਹਨਾਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਣਗੇ।

3. ਖਰਚੇ ਵਿੱਚ ਕਿਫਾਇਤ ਕਰਨ ਲਈ ਇਹ ਸਾਰੇ ਉਪਰਾਲੇ ਮੰਤਰੀਆਂ ਅਤੇ ਉੱਚ ਅਧਿਕਾਰੀਆਂ ਤੇ ਵੀ ਲਾਗੂ ਹੋਣਗੇ।

ਵਿਸ਼ਵਾਸ਼ਪਾਤਰ

(ਊਸ਼ਾ ਸਹਿਗਲ) 11/7/16

ਸੰਯੁਕਤ ਸਕੱਤਰ ਵਿੱਤ

ਇਸ ਦਾ ਇੱਕ ਉਤਾਰਾ ਮੁੱਖ ਸਕੱਤਰ ਪੰਜਾਬ ਸਰਕਾਰ, ਵਧੀਕ ਮੁੱਖ ਸਕੱਤਰ/ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਵਿੱਤ 11/7/16

ਸੇਵਾ ਵਿਖੇ,

1) ਮੁੱਖ ਸਕੱਤਰ, ਪੰਜਾਬ ਸਰਕਾਰ
2) ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ
3) ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ
4) ਪੰਜਾਬ ਸਰਕਾਰ ਦੇ ਸਮੂਹ ਪ੍ਰਬੰਧਕੀ ਸਕੱਤਰ।

ਅੰ:ਵਿ:ਪੱ:ਨੰ: 8/1/2016 5ਵਿਬ1/793309/2-5 ਮਿਤੀ:ਚੰਡੀਗੜ੍ਹ: 11 ਜੁਲਾਈ, 2016

ਪਿੱਠ ਅੰਕਣ ਨੰ:8/1/2016 5ਵਿਬ1/793309/6-9 ਮਿਤੀ:ਚੰਡੀਗੜ੍ਹ: 11 ਜੁਲਾਈ, 2016

ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :

1) ਡਾਇਰੈਕਟਰ, ਖਜਾਨਾ ਤੇ ਲੇਖਾ ਪੰਜਾਬ

2) ਸਮੂਹ ਜਿਲ੍ਹਾ ਖਜਾਨਾ ਅਫਸਰ ਅਤੇ ਖਜਾਨਾ ਅੱਫਸਰ,

ਕਿਉਂਕਿ ਰਾਜ ਦੇ ਖਜਾਨਿਆਂ ਵਿੱਚ ਬਜਟ ਕੰਟਰੋਲ ਸਿਸਟਮ ਲਾਗੂ ਕਰ ਦਿੱਤਾ ਗਿਆ ਹੈ। ਇਸ ਲਈ ਇਨ੍ਹਾਂ ਖਰਚਿਆਂ ਵਿੱਚ ਕਿਫਾਇਤ ਕਰਨ ਦੇ ਉਪਰਾਲਿਆਂ ਨੂੰ ਲਾਗੂ ਕਰਨ ਹਿੱਤ ਜੋ ਵੀ ਇਨ੍ਹਾਂ ਆਈਟਮਾਂ ਸਬੰਧੀ ਬਿਲ ਖਜਾਨੇ ਵਿੱਚ ਪੇਸ਼ ਕੀਤੇ ਜਾਂਦੇ ਹਨ, ਉਹਨਾਂ ਸਬੰਧੀ ਉਪਰੋਕਤ ਅਨੁਸਾਰ ਬਜਟ ਕੱਟ ਦਾ ਧਿਆਨ ਰੱਖਦੇ ਹੋਏ ਪੂਰਨ ਤੌਰ ਤੇ ਬਜਟ ਕੰਟਰੋਲ ਰੱਖਿਆ ਜਾਵੇ।

3) ਸਮੂਹ ਸੁਪਰਡੰਟ ਵਿੱਤ ਖਰਚਾ ਸ਼ਾਖਾਵਾਂ ਅਤੇ ਵਿੱਤ ਬਜਟ-2 ਸ਼ਾਖਾ

4) ਇੰਚਾਰਜ, ਟੀ.ਸੀ.ਐਸ.।

(signature) 11/7/16

ਸੰਯੁਕਤ ਸਕੱਤਰ ਵਿੱਤ

ਪਿੱਠ ਅੰਕਣ ਨੰ: 8/1/2016 5ਵਿਬ1/ 793309/10 ਮਿਤੀ:ਚੰਡੀਗੜ੍ਹ: 11 ਜੁਲਾਈ, 2016

ਇੱਕ ਉਤਾਰਾ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ ਚੰਡੀਗੜ੍ਹ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(signature) 11/7/16

ਸੰਯੁਕਤ ਸਕੱਤਰ ਵਿੱਤ